# ਇਹ ਕਿਤਾਬ

ਸਾਡੇ ਭਾਅ ਜੀ ਤੁਰ ਗਏ ਨੇ, ਉਨ੍ਹਾਂ ਨੇ ਇਤਿਹਾਸ ਦੇ ਸਫ਼ਿਆਂ 'ਤੇ ਬਹੁਤ ਡੂੰਘੀਆਂ ਪੈੜਾਂ ਛੱਡੀਆਂ ਨੇ। ਭਾਅ ਜੀ, ਜਿਸ ਦਾ ਪਰਬਤਾਂ ਵਰਗਾ ਵੱਡਾ ਜੇਰਾ ਸੀ, ਜਿਸ ਦੇ ਹੌਸਲੇ ਚੱਟਾਨਾਂ ਵਾਂਗ ਅਟੱਲ ਸਨ, ਜੋ ਇਕ ਵੱਡੇ ਕੱਦ ਵਾਲੀ ਦਗਦੀ-ਮਘਦੀ ਸ਼ਖ਼ਸੀਅਤ ਸੀ, ਉਹ ਭਾ ਜੀ ਸਾਡੇ ਵਿਚਕਾਰ ਨਹੀਂ ਰਹੇ। ਭਾਅ ਜੀ ਨੇ ਜੋ 52 ਸਾਲ ਪੰਜਾਬੀ ਰੰਗਮੰਚ ਅਤੇ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕੀਤਾ, ਉਸ ਬਾਰੇ ਉਨ੍ਹਾਂ ਦੇ ਜੀਂਦੇ ਜੀਅ ਵੀ ਬਹੁਤ ਕੁਝ ਲਿਖਿਆ ਗਿਆ। ਹੁਣ ਭਾਅ ਜੀ ਸਾਨੂੰ ਅਲਵਿਦਾ ਕਹਿ ਗਏ ਨੇ ਤਾਂ ਵੀ ਉਨ੍ਹਾਂ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ। ਮੈਂ ਭਾਅ ਜੀ ਬਾਰੇ ਲਿਖਿਆ ਹਰ ਸ਼ਬਦ ਸਾਂਭ ਲੈਣਾ ਚਾਹੁੰਦਾਂ, ਕਿਉਂਕਿ ਭਾਅ ਜੀ ਦੇ ਵਿਲੱਖਣ ਕੰਮ ਤੋਂ ਵੱਡਾ ਇਤਿਹਾਸ ਰੰਗਮੰਚ ਦੀ ਦੁਨੀਆ ਵਿਚ ਹੋਰ ਕਿਧਰੇ ਨਹੀਂ।

ਭਾਅ ਜੀ ਨੇ ਵਰ੍ਹਿਆਂ ਦੇ ਵਰ੍ਹੇ ਜਿਸ ਤਰ੍ਹਾਂ ਲੋਕਾਂ ਨੂੰ ਪਿਆਰ ਤੇ ਸਤਿਕਾਰ ਦਿੱਤਾ, ਉਸੇ ਤਰ੍ਹਾਂ ਭਾਅ ਜੀ ਨੂੰ ਵੀ ਲੋਕਾਂ ਨੇ ਬਹੁਤ ਪਿਆਰ ਕੀਤਾ। ਸ਼ਾਇਦ ਹੀ ਇਤਿਹਾਸ ਵਿਚ ਦੁਨੀਆ ਦੇ ਕਿਸੇ ਨਾਟਕਕਾਰ ਨੂੰ ਇਸ ਤਰ੍ਹਾਂ ਅਲਵਿਦਾ ਕਹੀ ਗਈ ਹੋਵੇ, ਜਿਸ ਤਰ੍ਹਾਂ ਭਾਅ ਜੀ ਨੂੰ ਲੋਕਾਂ ਨੇ ਹੰਝੂਆਂ ਨਾਲ, ਨਾਅਰਿਆਂ ਨਾਲ, ਸਤਿਕਾਰ ਨਾਲ, ਫੁੱਲਾਂ ਨਾਲ, ਗੀਤ ਸੰਗੀਤ ਨਾਲ, ਜਜ਼ਬਾਤਾਂ ਨਾਲ ਅਲਵਿਦਾ ਕਹੀ ਹੈ, ਇਹ ਵੀ ਆਪਣੇ ਆਪ ਵਿਚ ਇਕ ਇਤਿਹਾਸ ਹੈ। ਜਿਥੇ ਵੀ ਭਾਅ ਜੀ ਦੇ ਸ਼ਰਧਾਂਜਲੀ ਸਮਾਰੋਹ ਹੋਏ, ਉਥੇ ਹਜ਼ਾਰਾਂ-ਹਜ਼ਾਰਾਂ ਦੀ

ਗਿਣਤੀ ਵਿਚ ਲੋਕ ਭਾਅ ਜੀ ਨੂੰ ਸ਼ਰਧਾਂਜਲੀ ਦੇਣ ਆਏ। ਚੰਡੀਗੜ੍ਹ, ਕੁੱਸਾ ਤੇ ਮੋਗਾ ਦੇ ਸ਼ਰਧਾਂਜਲੀ ਪ੍ਰੋਗਰਾਮਾਂ ਵਿਚ ਵੀਹ-ਵੀਹ ਹਜ਼ਾਰ ਲੋਕ ਇਕੱਠੇ ਹੋਏ, ਜੋ ਭਾਅ ਜੀ ਦੇ 52 ਸਾਲ ਦੇ ਰੰਗਮੰਚ ਸਫ਼ਰ ਤੇ ਸਮਾਜਿਕ ਫ਼ਿਕਰਾਂ ਦੀ ਗਵਾਹੀ ਭਰ ਰਹੇ ਸਨ।

ਭਾਅ ਜੀ ਆਖ਼ਰੀ ਪਲਾਂ ਤਕ ਸਮਾਜਿਕ ਬਰਾਬਰੀ ਦੀ ਗੱਲ ਕਰਦੇ ਰਹੇ ਤੇ ਗਲੇ-ਸੜੇ ਨਿਜ਼ਾਮ ਨੂੰ ਬਲਦਣ ਲਈ, ਜ਼ਿੰਦਗੀ ਨੂੰ ਸੋਹਣਾ ਬਣਾਉਣ ਲਈ, ਲੋਕਾਂ ਨੂੰ ਸਿਆਣੇ ਬਨਣ ਦਾ ਸੁਨੇਹਾ ਦੇਂਦੇ ਹੋਏ ਆਪਣੇ ਸਾਰੇ ਫ਼ਿਕਰ ਸਾਡੇ ਗੋਚਰੇ ਛੱਡ ਗਏ ਤਾਂ ਜੋ ਅਸੀਂ ਭਾਅ ਜੀ ਦੇ ਪਾਏ ਪੂਰਨਿਆਂ 'ਤੇ ਤੁਰਦੇ ਹੋਏ ਭਾਅ ਜੀ ਦੇ ਫ਼ਿਕਰਾਂ ਦੀ ਬਾਂਹ ਫੜੀ ਰੱਖੀਏ। ਇਸ ਕਿਤਾਬ ਵਿਚਲੇ ਸਾਰੇ ਹੀ ਲੇਖ, ਗੀਤ, ਕਵਿਤਾਵਾਂ ਕਿਸੇ ਨਾ ਕਿਸੇ ਅਖ਼ਬਾਰ ਜਾਂ ਰਸਾਲੇ ਵਿਚ ਛਪ ਚੁੱਕੇ ਨੇ, ਮੈਂ ਉਨ੍ਹਾਂ ਸਾਰੀਆਂ ਅਖ਼ਬਾਰਾਂ, ਰਸਾਲਿਆਂ ਤੇ ਲੇਖਕਾਂ ਦੇ ਇਹ ਲੇਖ ਧੰਨਵਾਦ ਸਹਿਤ ਪੁਸਤਕ ਵਿਚ ਸ਼ਾਮਲ ਕਰ ਰਿਹਾ ਹਾਂ।

***-ਕੇਵਲ ਧਾਲੀਵਾਲ***